# ਜਗਤ ਉਧਾਰਣ ਸੇਈ ਆਏ

**ਗਉੜੀ ਮਹਲਾ ੫ ॥**

**ਹਉ ਤਾ ਕੈ ਬਲਿਹਾਰੀ॥ ਜਾ ਕੈ ਕੇਵਲ ਨਾਮੁ ਅਧਾਰੀ॥੧॥ਰਹਾਉ॥**

-- ਪੰਚਮ ਪਾਤਸ਼ਾਹ ੨੦੭ ਅੰਕ ਤੇ, ਗਉੜੀ ਰਾਗ ਵਿਚ ਫ਼ੁਰਮਾਣ ਕਰਦੇ ਹਨ ਕਿ ਮੈਂ ਉਨ੍ਹਾਂ ਜਨਾਂ ਤੋਂ ਬਲਿਹਾਰ ਜਾਂਦਾ ਹਾਂ ਜਿਨ੍ਹਾਂ ਦਾ ਅਧਾਰ ਸਿਰਫ਼ ਪਰਮੇਸ਼ਰ ਦਾ ਨਾਮ ਹੈ ।੧।ਰਹਾਉ।

ਨਾਮ ਦਾ ਅਧਾਰ ਹੋਣਾ, ਇਕ ਅਤਿਅੰਤ ਉਚੀ ਅਧਿਆਤਮਕ ਅਵੱਸਥਾ ਦਾ ਸੂਚਕ ਹੈ। ਆਮ ਮਨੁਖ ਦਾ ਅਧਾਰ ਖੁਰਾਕ ਤੇ ਆਕਸੀਜਨ ਭਰਪੂਰ ਹਵਾ ਹੁੰਦੀ ਹੈ ਜਿਨ੍ਹਾਂ ਦੇ ਸੁਮੇਲ, ਭਾਵ, oxidisation of digested food ਨਾਲ ਮਨੁਖ ਨੂੰ ਜ਼ਿੰਦਾ ਰਹਿਣ ਅਤੇ ਕੰਮ-ਕਾਰ ਕਰਨ ਜੋਗੀ ਊਰਜਾ ਮਿਲਦੀ ਹੈ। ਇਨ੍ਹਾਂ ਵਸਤਾਂ ਤੋਂ ਬਿਨਾਂ ਮਨੁਖ ਹੌਲੀ-ਹੌਲੀ ਸ਼ਕਤੀ ਹੀਣ ਹੁੰਦਾ ਹੁੰਦਾ ਖ਼ਤਮ ਹੋ ਜਾਂਦਾ ਹੈ। ਪਰਮੇਸ਼ਰ ਦਾ ਨਾਮ ਇਕ ਬਹੁਤ ਵਡੀ ਸ਼ਕਤੀ ਹੈ, ਅਥਾਹ ਊਰਜਾ ਹੈ ਜਿਸ ਰਾਹੀਂ ਸਾਰੀ ਸ੍ਰਿਸ਼ਟੀ ਦੀ ਉਤਪਤੀ ਹੋਈ ਹੈ। ਪੰਚਮ ਪਾਤਸ਼ਾਹ, ੨੮੪ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਨਾਮ ਦੇ ਅਧਾਰ ਤੇ ਹੀ ਸਾਰੀ ਸ੍ਰਿਸ਼ਟੀ, ਸਾਰੇ ਜੀਅ-ਜੰਤ ਆਦਿ ਹੋਂਦ ਰਖਦੇ ਹਨ - 'ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ॥... ਨਾਮ ਕੇ ਧਾਰੇ ਆਗਾਸ ਪਾਤਾਲ॥ ਨਾਮ ਕੇ ਧਾਰੇ ਸਗਲ ਆਕਾਰ॥' ਅਖੀਰ ਤੇ ਮਹਾਰਾਜ ਬਚਨ ਕਰਦੇ ਹਨ ਕਿ ਮਾਲਕ ਪ੍ਰਭੂ ਜਿਸ ਨੂੰ ਆਪਣੀ ਕਿਰਪਾ ਕਰ ਕੇ ਨਾਮ ਨਾਲ ਜੋੜ ਦਿੰਦਾ ਹੈ, ਉਹ ਮਨੁਖ, ਮਾਇਆ ਦੇ ਤਿੰਨਾਂ ਗੁਣਾਂ-ਰਜੋ, ਤਮੋ, ਸਤੋ ਤੋਂ ਉਪਰ ਉਠ ਕੇ ਚੌਥੇ ਪਦ ਭਾਵ ਪਰਮ ਗਤੀ ਨੂੰ ਪ੍ਰਾਪਤ ਹੁੰਦਾ ਹੈ -'ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ॥' ਅਜਿਹੀ ਅਵੱਸਥਾ ਵਿਚ ਅਪੜੇ ਪਰਮ ਮਨੁਖਾਂ ਦੀ ਹੀ ਨਾਮ ਅਧਾਰੀ ਅਵੱਸਥਾ ਹੁੰਦੀ ਹੈ, ਜੋ ਹਵਾ ਤੇ ਖੁਰਾਕ ਤੋਂ ਬਿਨਾਂ ਹੀ ਹੋਂਦ ਰਖ ਸਕਦੇ ਹਨ, **ਭਾਵੇਂ ਉਹ ਵੇਖਣ ਨੂੰ ਖੁਰਾਕ ਖਾ ਰਹੇ ਦਿਸਦੇ ਰਹੇ ਹੁੰਦੇ ਹਨ।** ਕਈ ਭਗਤਾਂ ਦੀ ਅਵੱਸਥਾ ਪਉਣ-ਅਹਾਰੀ ਤਕ ਵੀ ਹੁੰਦੀ ਹੈ, ਜੋ ਨਾਮ-ਅਹਾਰੀ ਤੋਂ ਉਰ੍ਹਾਂ ਦੀ ਅਵੱਸਥਾ ਹੈ। ਇਸ ਅਵੱਸਥਾ ਵਿਚ ਸਿਰਫ਼ ਪਉਣ ਤੋਂ ਹੀ ਲੋੜੀਂਦੀ ਊਰਜਾ ਪ੍ਰਾਪਤ ਕਰ ਲਈ ਜਾਂਦੀ ਹੈ। ਪਰ ਨਾਮ-ਅਹਾਰੀ ਦੀ ਅਵੱਸਥਾ ਸ੍ਰੇਸ਼ਟ ਹੈ।

**ਮਹਿਮਾ ਤਾ ਕੀ ਕੇਤਕ ਗਨੀਐ ਜਨ ਪਾਰਬ੍ਰਹਮ ਰੰਗਿ ਰਾਤੇ॥**

**ਸੂਖ ਸਹਜ ਆਨੰਦ ਤਿਨਾ ਸੰਗਿ ਉਨ ਸਮਸਰਿ ਅਵਰੁ ਨ ਦਾਤੇ॥੧॥**

-- ਅਜਿਹੇ ਜਨ, ਜੋ ਪਾਰਬ੍ਰਹਮ ਦੇ ਨਾਮ ਰੰਗ ਵਿਚ ਰੰਗੇ ਹੋਏ ਹਨ, ਉਨ੍ਹਾਂ ਦੀ ਮਹਿਮਾ ਕਿੰਨੀ ਕੁ ਗਣੀਏ, ਭਾਵ, ਉਨ੍ਹਾਂ ਦੀ ਉਪਮਾ ਬਿਆਨ ਕਰਨ ਤੋਂ ਬਾਹਰ ਹੁੰਦੀ ਹੈ।

ਸ੍ਰੀ ਗੁਰੂ ਅਰਜਨ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਸੰਤ ਜਨਾਂ ਦੀ ਮਹਿਮਾ ਦਾ ਬਖਾਨ ਕੋਈ ਕੀ ਕਰ ਸਕਦਾ ਹੈ ! ਉਹ ਤਾਂ ਮਨੁਖੀ ਸਮਝ ਦੀ ਹਦ ਤੋਂ ਪਰ੍ਹਾਂ ਹੁੰਦੇ ਹਨ, ਬਸ ਮੇਰੇ ਤੇ ਤਾਂ ਪ੍ਰਭੂ ਇਹੀ ਕਿਰਪਾ ਕਰ ਦੇਵੇ ਕਿ ਮੈਨੂੰ ਉਨ੍ਹਾਂ ਦੇ ਚਰਨਾਂ ਦੀ ਧੂੜ ਬਖ਼ਸ਼ੀ ਰਖੇ - 'ਸੰਤਨ ਕੀ ਮਹਿਮਾ ਕਵਨ ਵਖਾਨਉ॥ ਅਗਾਧਿ ਬੋਧਿ ਕਿਛੁ ਮਿਤਿ ਨਹੀ ਜਾਨਉ॥ ਪਾਰਬ੍ਰਹਮ ਮੋਹਿ ਕਿਰਪਾ ਕੀਜੈ॥ ਧੂਰਿ ਸੰਤਨ ਨਾਨਕ ਦੀਜੈ॥', ਪੰਨਾ ੧੮੧. ਹੋਰ ਫ਼ੁਰਮਾਣ ਕਰਦੇ ਹਨ ਕਿ ਭਗਤ ਜਨ ਦੀ ਮਹਿਮਾ ਬਿਆਨ ਨਹੀਂ ਕੀਤੀ ਜਾ ਸਕਦੀ, ਕਿਉਂਕਿ ਪਾਰਬ੍ਰਹਮ ਹਮੇਸ਼ਾਂ ਅਜਿਹੇ ਸੰਤ ਜਨ ਵਿਚ ਸਮਾਇਆ ਰਹਿੰਦਾ ਹੈ - 'ਜਨ ਕੀ ਮਹਿਮਾ ਕਥੀ ਨ ਜਾਇ॥ ਪਾਰਬ੍ਰਹਮੁ ਜਨੁ ਰਹਿਆ ਸਮਾਇ॥', ਅੰਕ ੧੯੩.

-- ਉਨ੍ਹਾਂ ਦੀ ਸੰਗਤ ਕਰਨ ਨਾਲ ਹੀ ਪਰਮ ਸੁਖ ਸਹਿਜ ਅਵੱਸਥਾ ਅਤੇ ਅਨੰਦ ਦੀ, ਭਾਵ, ਨਾਮ ਦੀ ਅਵੱਸਥਾ ਦੀ ਪ੍ਰਾਪਤੀ ਹੁੰਦੀ ਹੈ ਕਿਉਂਕਿ ਇਨ੍ਹਾਂ ਅਵੱਸਥਾਵਾਂ ਦੇ ਦਾਤੇ ਸਿਰਫ਼ ਇਹ ਜਨ ਹੀ ਹੁੰਦੇ ਹਨ, ਹੋਰ ਕੋਈ ਉਨ੍ਹਾਂ ਦੇ ਬਰਾਬਰ ਅਜਿਹਾ ਨਹੀਂ ਹੋ ਸਕਦਾ। ਅਜਿਹੀ ਅਵੱਸਥਾ ਨਿਰੇ ਆਪਣੇ ਆਧਾਰ ਤੇ ਪ੍ਰਾਪਤ ਨਹੀਂ ਹੋ ਸਕਦੀ।੧।

ਸ੍ਰੀ ਗੁਰੂ ਅਰਜਨ ਸਾਹਿਬ ਦੇ ਉਚਾਰਣ ਕੀਤੇ, ੧੩੮੬ ਪੰਨੇ ਤੇ, ਸਵਈਆਂ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਵਾਹਿਗੁਰੂ ਦੇ ਦਰ ਦਾ ਜਨ, ਭਗਤ ਦਸਿਆ ਹੈ ਜੋ ਬ੍ਰਹਮ ਦੇ ਤੁਲ (ਸਮਸਰਿ) ਹੈ, ਕਿ ਉਸ ਸ੍ਰੀ ਗੁਰੂ ਨਾਨਕ ਸਾਹਿਬ ਦੀ ਉਪਮਾ, ਇਕ ਜੀਭ ਨਾਲ ਕਿਵੇਂ ਬਿਆਨ ਕੀਤੀ ਜਾ ਸਕਦੀ ਹੈ, ਭਾਵ, ਨਹੀਂ ਕੀਤੀ ਜਾ ਸਕਦੀ - 'ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ॥' ਇਹੀ ਹੁੰਦੀ ਹੈ ਸੰਤ ਦੀ ਮਹਿਮਾ।

**ਜਗਤ ਉਧਾਰਣ ਸੇਈ ਆਏ ਜੋ ਜਨ ਦਰਸ ਪਿਆਸਾ॥**

**ਉਨ ਕੀ ਸਰਣਿ ਪਰੈ ਸੋ ਤਰਿਆ ਸੰਤਸੰਗਿ ਪੂਰਨ ਆਸਾ॥੨॥**

-- ਜਿਨ੍ਹਾਂ ਜਨਾਂ ਨੂੰ ਸਦਾ ਵਾਹਿਗੁਰੂ ਦੇ ਦਰਸ਼ਨਾਂ ਦੀ ਹੀ ਪਿਆਸ ਲਗੀ ਰਹਿੰਦੀ ਹੈ, ਅਜਿਹੇ ਜਨ ਹੀ ਜਗਤ ਦਾ ਉਧਾਰ ਕਰਨ ਲਈ ਆਉਂਦੇ ਹਨ।

ਆਮ ਮਨੁਖ ਤਾਂ ਕਰਮਾਂ ਦਾ ਬੱਧਾ ਆਉਂਦਾ ਹੈ ਤੇ ਕਰਮਾਂ ਦਾ ਬੱਧਾ ਤੁਰ ਜਾਂਦਾ ਹੈ, ਪਰ ਅਜਿਹੇ ਜਨ ਸਪੈਸ਼ਲ ਤੌਰ ਤੇ ਪਾਰਬ੍ਰਹਮ ਦੁਆਰਾ ਭੇਜੇ ਜਾਂਦੇ ਹਨ, ਜਿਵੇਂ ਦਸਮ ਪਾਤਸ਼ਾਹ ਵੀ ਬਚਿਤ੍ਰ ਨਾਟਕ ਵਿਚ ਦਸਦੇ ਹਨ ਕਿ ਕਿ ਉਨ੍ਹਾਂ ਨੂੰ ਪਾਰਬ੍ਰਹਮ ਨੇ ਖ਼ਾਸ ਮਨੋਰਥ ਲਈ ਆਪਣਾ ਪੁਤਰ ਥਾਪ ਕੇ ਭੇਜਿਆ - 'ਤਪ ਸਾਧਤ ਹਰਿ ਮੋਹਿ ਬੁਲਾਯੋ॥ ਇਮ ਕਹਿ ਕੈ ਇਹ ਲੋਕ ਪਠਾਯੋ॥... ਮੈ ਅਪਨਾ ਸੁਤ ਤੋਹਿ ਨਿਵਾਜਾ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ॥' ਇਹੀ ਅਵੱਸਥਾ ਹੈ ਪ੍ਰਭੂ ਨਾਲ ਗੋਸਟਿ ਦੀ, ਜਿਵੇਂ ਗੋਪਾਲ ਪ੍ਰਭੂ ਨੇ ਜੇਲ ਵਿਚ ਭਗਤ ਨਾਮਦੇਵ ਜੀ ਨਾਲ ਵੀ ਕੀਤੀ ਸੀ - 'ਭਗਤਿ ਸੰਗਿ ਪ੍ਰਭੁ ਗੋਸਟਿ ਕਰਤ॥ ਤਹ ਹਰਖ ਨ ਸੋਗ ਨ ਜਨਮ ਨ ਮਰਤ॥' ਇਸੇ ਅਵੱਸਥਾ ਦੇ ਜਨ ਹੀ ਨਾਮ ਅਧਾਰੀ ਹੁੰਦੇ ਹਨ ਜੋ ਜਗਤ ਵਿਚ ਕਈਆਂ ਦਾ ਉਧਾਰ ਕਰਨ ਹਿਤ ਆਉਂਦੇ ਹਨ, ਜਿਵੇਂ ਕਿ ੯੪੨ ਅੰਕ ਤੇ ਸ੍ਰੀ ਗੁਰੂ ਨਾਨਕ ਸਾਹਿਬ ਨੇ ਦਸਿਆ ਹੈ ਕਿ ਗੁਰਮੁਖ ਸ੍ਰੀ ਰਾਮ ਚੰਦਰ ਜੀ ਨੇ ੩੩ ਕਰੋੜ ਦਾ ਉਧਾਰ ਕੀਤਾ - 'ਗੁਰਮੁਖਿ ਸਾਇਰਿ ਪਾਹਣ ਤਾਰੇ॥ ਗੁਰਮੁਖਿ ਕੋਟਿ ਤੇਤੀਸ ਉਧਾਰੇ॥' ਕਿਉਂਕਿ ਸੁਖਮਨੀ ਸਾਹਿਬ ਅਨੁਸਾਰ ਬ੍ਰਹਮਗਿਆਨੀ ਨੂੰ ਪਰ ਉਪਕਾਰ ਦਾ ਚਾਅ ਹੁੰਦਾ ਹੈ - 'ਬ੍ਰਹਮਗਿਆਨੀ ਪਰਉਪਕਾਰ ਉਮਾਹਾ॥'

-- ਜੋ ਅਜਿਹੇ ਜਨ ਦੀ ਸਰਨ ਪ੍ਰਾਪਤ ਕਰ ਲੈਂਦਾ ਹੈ ਉਹ ਇਸ ਭਵਜਲ ਸੰਸਾਰ ਸਾਗਰ ਤੋਂ ਤਰ ਜਾਂਦਾ ਹੈ ਅਤੇ ਇਹ ਆਸ ਅਜਿਹੇ ਸੰਤ ਜਨਾਂ ਦੀ ਸੰਗਤ ਨਾਲ ਹੀ ਪੂਰੀ ਹੁੰਦੀ ਹੈ, ਕਿਉਂਕਿ ਨਾਮ ਦੀ ਪ੍ਰਾਪਤੀ ਸੰਤ ਜਨਾਂ ਤੋਂ ਹੀ ਹੁੰਦੀ ਹੈ।੨।

**ਤਾ ਕੈ ਚਰਣਿ ਪਰਉ ਤਾ ਜੀਵਾ ਜਨ ਕੈ ਸੰਗਿ ਨਿਹਾਲਾ॥**

**ਭਗਤਨ ਕੀ ਰੇਣੁ ਹੋਇ ਮਨੁ ਮੇਰਾ ਹੋਹੁ ਪ੍ਰਭੁ ਕਿਰਪਾਲਾ॥੩॥**

-- ਅਜਿਹੇ ਜਨਾਂ ਦੇ ਚਰਨਾਂ ਦੀ, ਜੇ ਛੋਹ ਪ੍ਰਾਪਤ ਹੋ ਜਾਵੇ ਤਾਂ ਹੀ ਮੇਰਾ, ਸਦ ਜੀਵਨ ਹੋ ਸਕਦਾ ਹੈ ਕਿਉਂਕਿ ਨਾਮ ਦੀ ਪ੍ਰਾਪਤੀ ਇਨ੍ਹਾਂ ਜਨਾਂ ਤੋਂ ਹੀ ਸੰਭਵ ਹੈ, ਅਤੇ ਨਾਮ ਤੋਂ ਬਿਨਾਂ ਸਦ ਜੀਵਨ ਸੰਭਵ ਨਹੀਂ, ਇਸੇ ਕਰਕੇ ਅਜਿਹੇ ਜਨ ਦੇ ਸੰਗ ਹੀ ਮਨੁਖ ਨਿਹਾਲ ਹੋ ਸਕਦਾ ਹੈ, ਉਸਦਾ ਆਇਆ ਸਫ਼ਲਾ ਹੋ ਸਕਦਾ ਹੈ।

-- ਹੇ ਪ੍ਰਭੂ ਜੀ ! ਮੇਰੇ ਤੇ ਕ੍ਰਿਪਾਲੁ ਹੋਵੋ ਕਿ ਇਹ ਮੇਰਾ ਮਨ ਅਜਿਹੇ ਭਗਤਾਂ ਦੇ ਚਰਣਾਂ ਦੀ ਧੂੜ ਬਣ ਜਾਵੇ ।੩।

ਅਜਿਹੇ ਭਗਤਾਂ ਦੀ ਖ਼ਾਕ ਭਾਗਾਂ ਨਾਲ ਮਿਲਦੀ ਹੈ ਜਿਸ ਨਾਲ ਸੁਆਮੀ ਪ੍ਰਭੂ ਮਿਲ ਪੈਂਦਾ ਹੈ। ੩੯੧ ਪੰਨੇ ਤੇ, ਅਜਿਹੇ ਪ੍ਰਭੂ ਦੇ ਦਾਸ ਦੇ ਦਾਸ ਦਾ ਵੀ ਪਾਣੀ ਢੋਣ ਵਾਲਾ ਬਣਨ ਦੀ ਅਤੇ ਉਸਦੇ ਚਰਨਾਂ ਦੇ ਧੂੜ ਦੀ ਹਿਰਦੇ ਨਾਲ ਵਸਾਉਣ ਦੀ ਕਾਮਨਾ ਕੀਤੀ ਗਈ ਹੈ, ਜੋ ਮੱਥੇ ਤੇ ਲਿਖੇ, ਧੁਰ ਤੋਂ ਹੀ ਪੂਰਬਲੇ ਭਾਗਾਂ ਸਦਕਾ ਹੀ ਪ੍ਰਾਪਤ ਹੁੰਦੀ ਹੈ, ਜਿਸ ਦੇ ਫ਼ਲਸਰੂਪ ਪ੍ਰਭੂ ਦਾ ਉਸਦੇ ਮਿਹਰ ਭਰੇ ਰੰਗ ਵਿਚ ਸਾਡਾ ਮਿਲਾਪ ਹੋ ਜਾਂਦਾ ਹੈ - 'ਦਾਸਨਿ ਦਾਸੀ ਕੀ ਪਨਿਹਾਰਿ॥ ਉਨ੍ ਕੀ ਰੇਣੁ ਬਸੈ ਜੀਅ ਨਾਲਿ॥ ਮਾਥੈ ਭਾਗੁ ਤ ਪਾਵਉ ਸੰਗੁ॥ ਮਿਲੈ ਸੁਆਮੀ ਅਪੁਨੈ ਰੰਗਿ॥' ਸ੍ਰੀ ਗੁਰੂ ਰਾਮਦਾਸ ਸਾਹਿਬ ਵੀ, ੪੪੫ ਪੰਨੇ ਤੇ, ਅਜਿਹੇ ਸਾਧੂ ਦੇ ਚਰਨਾਂ ਦੀ ਧੂੜ ਦੀ ਕਾਮਨਾ ਕਰਦੇ ਹਨ ਜਿਸ ਸਦਕਾ ਮਨੁਖ ਸੋਗ ਅਤੇ ਵਿਜੋਗ ਤੋਂ ਖ਼ਲਾਸੀ ਪ੍ਰਾਪਤ ਕਰ ਲਵੇ - 'ਜਨੁ ਨਾਨਕੁ ਰੇਣੁ ਮੰਗੈ ਪਗ ਸਾਧੂ ਮਨਿ ਚੂਕਾ ਸੋਗੁ ਵਿਜੋਗੁ ਜੀਉ॥'

**ਰਾਜੁ ਜੋਬਨੁ ਅਵਧ ਜੋ ਦੀਸੈ ਸਭੁ ਕਿਛੁ ਜੁਗ ਮਹਿ ਘਾਟਿਆ॥**

**ਨਾਮੁ ਨਿਧਾਨੁ ਸਦ ਨਵਤਨੁ ਨਿਰਮਲੁ ਇਹੁ ਨਾਨਕ ਹਰਿ ਧਨੁ ਖਾਟਿਆ॥੪॥੧੦॥੧੩੧॥**

-- ਮਨੁਖ ਆਮ ਕਰਕੇ ਤਿੰਨ ਵੱਡੀਆ ਪ੍ਰਾਪਤੀਆਂ ਮੰਨਦਾ ਹੈ : ਰਾਜ, ਸਦ-ਜੁਆਨੀ ਤੇ ਲੰਮੀ ਉਮਰ। ਗੁਰੂ ਸਾਹਿਬ ਫੁਰਮਾਣ ਕਰਦੇ ਹਨ ਕਿ ਇਹ ਤਿੰਨੇ ਪ੍ਰਾਪਤੀਆਂ ਹਰ ਜੁਗ ਵਿਚ ਘਾਟੇ ਵਾਲਾ ਸੌਦਾ ਹੀ ਰਹੀਆਂ ਹਨ, ਕਿਉਂਕਿ ਤਿੰਨੇ ਹੀ ਅਸਥਾਈ ਹਨ। ਇਸ ਕਰਕੇ ਇਨ੍ਹਾਂ ਦੀ ਪ੍ਰਾਪਤੀ ਦੀ ਕਾਮਨਾ ਨਹੀਂ ਕਰਨੀ ਚਾਹੀਦੀ।

-- ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂ ਕੇਵਲ ਨਾਮ ਦੀ ਪ੍ਰਾਪਤੀ ਦੀ, ਜੋ ਸਿਰਫ਼ ਭਗਤਾਂ ਤੋਂ ਹੀ ਪ੍ਰਾਪਤ ਹੋਣਾ ਮੁਮਕਿਨ ਹੈ ਅਤੇ ਕਿਉਂਕਿ ਇਹ ਨਾਮ ਦਾ ਖ਼ਜ਼ਾਨਾ ਹੀ ਸਦਾ ਨਵਾਂ ਰਹਿੰਦਾ ਹੈ, ਕਦੇ ਪੁਰਾਣਾ ਨਹੀਂ ਹੁੰਦਾ ਅਤੇ ਹਉਮੈ ਦੀ ਮੈਲ ਤੋਂ ਰਹਿਤ ਹੁੰਦਾ ਹੈ। ਇਹੀ ਖ਼ਜ਼ਾਨਾ, ਗੁਰੂ ਸਾਹਿਬ ਬਚਨ ਕਰਦੇ ਹਨ, ਕਿ ਉਨ੍ਹਾਂ ਨੇ ਖਟਿਆ ਹੈ।੪।੧੦।੧੩੧।

ਪੰਚਮ ਪਾਤਸ਼ਾਹ ਦਾ ੧੩੨੨ ਪੰਨੇ ਤੇ ਫ਼ੁਰਮਾਣ ਹੈ ਕਿ ਮੇਰੇ ਸੋਹਣੇ ਪ੍ਰਭੂ ਦੀ ਸੋਭਾ ਸਦਾ ਨਵੀਂ ਹੁੰਦੀ ਹੈ, ਭਾਵ, ਨਾਮ ਸਦਾ ਹੀ ਨਵਾਂ ਰਹਿੰਦਾ ਹੈ, ਕਦੇ ਪੁਰਾਣਾ ਨਹੀਂ ਹੁੰਦਾ- 'ਮੇਰੇ ਲਾਲਨ ਕੀ ਸੋਭਾ॥ ਸਦ ਨਵਤਨ ਮਨ ਰੰਗੀ ਸੋਭਾ॥' ਇਸੇ ਲਈ ਗੁਰੂ ਸਾਹਿਬ ਫੁਰਮਾਣ ਕਰਦੇ ਹਨ ਕਿ ਇਸੇ ਕਾਰਣ ਕਰ ਕੇ ਮੈਂ ਉਨ੍ਹਾਂ ਸੰਤਾਂ ਤੋਂ ਬਲਿਹਾਰ ਜਾਂਦਾ ਹਾਂ ਜੋ ਸਦਾ ਨਵੇਂ, ਭਾਵ, ਸਦਾ ਵਾਹਿਗੁਰੂ ਦੇ ਸੰਗ ਰਹਿੰਦੇ ਹਨ - 'ਕਹੁ ਨਾਨਕ ਸੰਤਨ ਬਲਿਹਾਰੈ ਜੋ ਪ੍ਰਭ ਕੇ ਸਦ ਸੰਗੀ॥' ਅਜਿਹੇ ਜਨ, ਮਾਇਆ ਦੇ ਤਿੰਨਾਂ ਗੁਣਾਂ ਤੋਂ ਰਹਿਤ ਹੁੰਦੇ ਹਨ।

ਇਸੇ ਲਈ ਇਸ ਸ਼ਬਦ ਵਿਚ ਉਨ੍ਹਾਂ ਭਗਤ, ਸੰਤ ਜਨਾਂ ਤੋਂ ਬਲਿਹਾਰ ਜਾਇਆ ਗਿਆ ਹੈ ਜਿਨ੍ਹਾਂ ਦੀ ਅਵੱਸਥਾ 'ਨਾਮ ਅਧਾਰ' ਵਾਲੀ ਹੈ।

